ਮਿੱਠੇ ਬੱਚੇ:- ਇਹ ਪਤਿਤ ਦੁਨੀਆਂ ਇੱਕ ਪੁਰਾਣਾ ਪਿੰਡ ਹੈ , ਇਹ ਤੁਹਾਡੇ ਰਹਿਣ ਲਾਇਕ ਨਹੀਂ , ਤੁਹਾਨੂੰ ਹੁਣ ਨਵੀਂ ਪਾਵਨ ਦੁਨੀਆਂ ਵਿੱਚ ਚਲਣਾ ਹੈ "

ਪ੍ਰਸ਼ਨ:- ਬਾਪ ਬੱਚਿਆਂ ਦੀ ਉੱਨਤੀ ਦੀ ਕਿਹੜੀ ਇੱਕ ਯੁਕਤੀ ਦੱਸਦੇ ਹਨ?

ਉੱਤਰ:- ਬੱਚੇ, ਤੁਸੀਂ ਆਗਿਆਕਾਰੀ ਬਣਕੇ ਬਾਪ ਦੀ ਮੱਤ ਤੇ ਚੱਲਦੇ ਰਹੋ। ਬਾਪਦਾਦਾ ਦੋਵੇਂ ਇਕੱਠੇ ਹਨ, ਇਸਲਈ ਜੇਕਰ ਇਨ੍ਹਾਂ ਦੇ ਕਹਿਣ ਨਾਲ ਕੋਈ ਨੁਕਸਾਨ ਵੀ ਹੋਇਆ ਤਾਂ ਵੀ ਰਿਸਪੌਂਨਸੀਬਲ ਬਾਪ ਹੈ, ਸਭ ਠੀਕ ਕਰ ਦੇਣਗੇ। ਤੁਸੀਂ ਆਪਣੀ ਮੱਤ ਨਹੀਂ ਚਲਾਓ, ਸ਼ਿਵਬਾਬਾ ਦੀ ਮੱਤ ਸਮਝ ਕੇ ਚੱਲਦੇ ਰਹੋ ਤੇ ਬਹੁਤ ਉੱਨਤੀ ਹੋਵੇਗੀ।

ਓਮ ਸ਼ਾਂਤੀ। ਪਹਿਲੀ - ਪਹਿਲੀ ਮੁੱਖ ਗੱਲ ਰੂਹਾਨੀ ਬੱਚਿਆਂ ਨੂੰ ਰੂਹਾਨੀ ਬਾਪ ਸਮਝਾਉਂਦੇ ਹਨ ਕਿ ਆਪਣੇ ਨੂੰ ਆਤਮਾ ਨਿਸ਼ਚੈ ਕਰ ਬੈਠੋ ਅਤੇ ਬਾਪ ਨੂੰ ਯਾਦ ਕਰੋ ਤਾਂ ਤੁਹਾਡੇ ਸਭ ਦੁੱਖ ਦੂਰ ਹੋ ਜਾਣਗੇ। ਉਹ ਲੋਕ ਅਸ਼ੀਰਵਾਦ ਕਰਦੇ ਹਨ ਨਾ। ਇਹ ਬਾਪ ਵੀ ਕਹਿੰਦੇ ਹਨ - ਬੱਚਿਓ, ਤੁਹਾਡੇ ਸਭ ਦੁੱਖ ਦੂਰ ਹੋ ਜਾਣਗੇ। ਸਿਰਫ ਆਪਣੇ ਨੂੰ ਆਤਮਾ ਸਮਝ ਕੇ ਬਾਪ ਨੂੰ ਯਾਦ ਕਰੋ। ਇਹ ਤਾਂ ਬਹੁਤ ਸੌਖਾ ਹੈ। ਇਹ ਹੈ ਭਾਰਤ ਦਾ ਪ੍ਰਾਚੀਨ ਸਹਿਜ ਰਾਜਯੋਗ। ਪ੍ਰਾਚੀਨ ਦਾ ਵੀ ਟਾਇਮ ਤਾਂ ਚਾਹੀਦਾ ਹੈ ਨਾ। ਲੌਂਗ - ਲੌਂਗ ਵੀ ਕਿੰਨਾ? ਬਾਪ ਕਹਿੰਦੇ ਹਨ ਪੂਰੇ 5 ਹਜ਼ਾਰ ਵਰ੍ਹੇ ਪਹਿਲਾਂ ਇਹ ਰਾਜਯੋਗ ਸਿਖਾਇਆ ਸੀ। ਇਹ ਬਾਪ ਬਗੈਰ ਕੋਈ ਸਮਝਾ ਨਹੀਂ ਸਕਦੇ ਤੇ ਬੱਚਿਆਂ ਬਿਨਾਂ ਕੋਈ ਸਮਝ ਨਹੀਂ ਸਕਦੇ। ਗਾਇਨ ਵੀ ਹੈ ਆਤਮਾਵਾਂ ਬੱਚੇ ਤੇ ਪਰਮਾਤਮਾ ਬਾਪ ਅਲੱਗ ਰਹੇ ਬਹੁਕਾਲ .... ਬਾਪ ਕਹਿੰਦੇ ਹਨ ਤੁਸੀਂ ਸੀੜੀ ਉਤਰਦੇ - ਉਤਰਦੇ ਪਤਿਤ ਬਣ ਗਏ ਹੋ। ਹੁਣ ਸਮ੍ਰਿਤੀ ਆਈ ਹੈ। ਸਭ ਚਿਲਾਉਂਦੇ ਹਨ ਹੇ ਪਤਿਤ - ਪਾਵਨ....ਕਲਯੁਗ ਵਿੱਚ ਪਤਿਤ ਹੀ ਹੁੰਦੇ ਹਨ। ਸੱਤਯੁਗ ਵਿੱਚ ਹੁੰਦੇ ਹਨ ਪਾਵਨ। ਉਹ ਹੈ ਹੀ ਪਾਵਨ ਦੁਨੀਆਂ। ਇਹ ਹੈ ਪੁਰਾਣੀ ਪਤਿਤ ਦੁਨੀਆਂ ਰਹਿਣ ਲਾਇਕ ਨਹੀਂ ਹੈ। ਪਰ ਮਾਇਆ ਦਾ ਪ੍ਰਭਾਵ ਕੋਈ ਘੱਟ ਨਹੀਂ ਹੈ। ਇੱਥੇ ਦੇਖੋ ਤਾਂ 100 -125 ਮੰਜਿਲ ਦੇ ਮਕਾਨ ਬਣਾਉਂਦੇ ਰਹਿੰਦੇ ਹਨ। ਇਹਨਾਂ ਨੂੰ ਮਾਇਆ ਦਾ ਪਾਮਪ ਕਿਹਾ ਜਾਂਦਾ ਹੈ। ਮਾਇਆ ਦਾ ਜਲਵਾ ਇੰਞ ਹੈ ਜੋ ਕਹੋ ਕਿ ਸਵਰਗ ਚੱਲੋ ਤਾਂ ਕਹਿ ਦੇਣਗੇ ਸਾਡੇ ਲਈ ਤਾਂ ਸਵਰਗ ਇੱਥੇ ਹੀ ਹੈ, ਇਸਨੂੰ ਮਾਇਆ ਦਾ ਜਲਵਾ ਕਿਹਾ ਜਾਂਦਾ ਹੈ। ਪਰ ਤੁਸੀਂ ਬੱਚੇ ਜਾਣਦੇ ਹੋ ਇਹ ਪੁਰਾਣਾ ਪਿੰਡ ਹੈ, ਇਸਨੂੰ ਕਿਹਾ ਜਾਂਦਾ ਹੈ ਨਰਕ, ਪੁਰਾਣੀ ਦੁਨੀਆਂ ਸੋ ਵੀ ਰੌਰਵ ਨਰਕ। ਸਤਿਯੁਗ ਨੂੰ ਕਿਹਾ ਜਾਂਦਾ ਹੈ ਸਵਰਗ। ਇਹ ਅੱਖਰ ਤੇ ਹੈ ਨਾ। ਇਨ੍ਹਾਂ ਨੂੰ ਵਿਸ਼ਸ਼ ਵਰਲ਼ਡ ਤਾਂ ਸਭ ਕਹਿਣਗੇ। ਵਾਇਸਲੈਸ ਵਰਲ਼ਡ, ਤਾਂ ਇਹ ਸਵਰਗ ਸੀ। ਸਵਰਗ ਨੂੰ ਹੀ ਕਿਹਾ ਜਾਂਦਾ ਹੈ ਵਾਇਸਲੈਸ ਵਰਲਡ, ਨਰਕ ਨੂੰ ਵਿਸ਼ਸ਼ ਵਰਲ਼ਡ ਕਿਹਾ ਜਾਂਦਾ ਹੈ। ਇੰਨੀਆਂ ਵੀ ਸਹਿਜ ਗੱਲਾਂ ਕਿਉਂ ਨਹੀਂ ਕਿਸੇ ਦੇ ਬੁੱਧੀ ਵਿੱਚ ਆਉਂਦੀਆਂ ਹਨ! ਮਨੁੱਖ ਕਿੰਨੇ ਦੁੱਖੀ ਹਨ। ਕਿੰਨੇ ਲੜਾਈ - ਝਗੜੇ ਆਦਿ ਹੁੰਦੇ ਰਹਿੰਦੇ ਹਨ। ਦਿਨ - ਪ੍ਰਤੀਦਿਨ ਬੰਬਜ਼ ਆਦਿ ਵੀ ਇਹੋ ਜਿਹੇ ਬਣਦੇ ਰਹਿੰਦੇ ਹਨ, ਜੋ ਡਿੱਗਣ ਅਤੇ ਮਨੁੱਖ ਖ਼ਤਮ ਹੋ ਜਾਣ। ਪਰ ਤੁੱਛ ਬੁੱਧੀ ਮਨੁੱਖ ਸਮਝਦੇ ਨਹੀਂ ਹਨ ਕਿ ਹੁਣ ਕੀ ਹੋਣ ਵਾਲਾ ਹੈ। ਇਹ ਗੱਲਾਂ ਕੋਈ ਸਮਝਾ ਨਹੀਂ ਸਕਦੇ ਸਿਵਾਏ ਬਾਪ ਦੇ, ਕੀ ਹੋਣ ਵਾਲਾ ਹੈ? ਪੁਰਾਣੀ ਦੁਨੀਆਂ ਦਾ ਵਿਨਾਸ਼ ਹੋਣ ਵਾਲਾ ਹੈ ਅਤੇ ਨਵੀਂ ਦੁਨੀਆਂ ਦੀ ਸਥਾਪਨਾ ਵੀ ਗੁਪਤ ਹੋ ਰਹੀ ਹੈ।

ਤੁਹਾਨੂੰ ਬੱਚਿਆਂ ਨੂੰ ਕਿਹਾ ਜਾਂਦਾ ਹੈ - ਗੁਪਤ ਵਾਰਿਯਰ੍ਸ। ਕੋਈ ਸਮਝਦੇ ਹਨ ਕਿ ਤੁਸੀਂ ਲੜਾਈ ਕਰ ਰਹੇ ਹੋ। ਤੁਹਾਡੀ ਲੜਾਈ ਹੈ 5 ਵਿਕਾਰਾਂ ਨਾਲ। ਸਭ ਨੂੰ ਕਹਿੰਦੇ ਹੋ ਪਵਿੱਤਰ ਬਣੋ। ਇੱਕ ਬਾਪ ਦੇ ਬੱਚੇ ਹੋ ਨਾ। ਪ੍ਰਜਾਪਿਤਾ ਬ੍ਰਹਮਾ ਦੇ ਬੱਚੇ ਤਾਂ ਸਭ ਭਰਾ - ਭੈਣ ਹੋਏ ਨਾ। ਸਮਝਾਉਣ ਦੀਆਂ ਬੜੀਆਂ ਤਰਕੀਬਾਂ ਚਾਹੀਦੀਆਂ ਹਨ। ਪ੍ਰਜਾਪਿਤਾ ਬ੍ਰਹਮਾ ਦੇ ਤਾਂ ਢੇਰ ਬੱਚੇ ਹਨ ਇੱਕ ਤਾਂ ਨਹੀਂ ਹੈ। ਨਾਮ ਹੀ ਹੈ ਪ੍ਰਜਾਪਿਤਾ। ਲੌਕਿਕ ਬਾਪ ਨੂੰ ਤਾਂ ਪ੍ਰਜਾਪਿਤਾ ਨਹੀਂ ਕਹਾਂਗੇ। ਪ੍ਰਜਾਪਿਤਾ ਬ੍ਰਹਮਾ ਹੈ ਤਾਂ ਉਨ੍ਹਾਂ ਦੇ ਸਭ ਬੱਚੇ ਆਪਸ ਵਿੱਚ ਭਰਾ - ਭੈਣ, ਬ੍ਰਹਮਾਕੁਮਾਰ- ਬ੍ਰਹਮਾਕੁਮਾਰੀਆਂ ਠਹਿਰੇ ਨਾ। ਪਰ ਸਮਝਦੇ ਨਹੀ। ਜਿਵੇਂ ਪੱਥਰ ਬੁੱਧੀ ਹਨ।, ਸਮਝਣ ਦੀ ਕੋਸ਼ਿਸ਼ ਵੀ ਨਹੀਂ ਕਰਦੇ। ਪ੍ਰਜਾਪਿਤਾ ਬ੍ਰਹਮਾ ਦੇ ਬੱਚੇ ਭਰਾ - ਭੈਣ ਹੋ ਗਏ। ਵਿਕਾਰ ਵਿੱਚ ਜਾ ਨਾ ਸਕਣ। ਤੁਹਾਡੇ ਬੋਰਡ ਤੇ ਪ੍ਰਜਾਪਿਤਾ ਅੱਖਰ ਬਹੁਤ ਜ਼ਰੂਰੀ ਹੈ। ਇਹ ਅੱਖਰ ਤਾਂ ਜ਼ਰੂਰ ਪਾਉਣਾ ਹੈ। ਸਿਰਫ਼ ਬ੍ਰਹਮਾ ਲਿਖਣ ਨਾਲ ਏਨਾ ਜ਼ੋਰਦਾਰ ਨਹੀਂ ਹੁੰਦਾ ਹੈ। ਤਾਂ ਬੋਰਡ ਵਿੱਚ ਵੀ ਕਰੈਕਟ ਅੱਖਰ ਲਿੱਖ ਸੁਧਾਰਨਾ ਪਵੇ। ਇਹ ਹੈ ਬਹੁਤ ਜਰੂਰੀ ਅੱਖਰ। ਬ੍ਰਹਮਾ ਨਾਮ ਤੇ ਫੀਮੇਲ ਦਾ ਵੀ ਹੈ। ਨਾਮ ਹੀ ਖੁਟ ਗਏ ਹਨ ਤਾਂ ਮੇਲ ਦਾ ਨਾਮ ਫੀਮੇਲ ਤੇ ਰੱਖ ਦਿੰਦੇ ਹਨ। ਇੰਨੇ ਨਾਮ ਕਿਥੋਂ ਲਿਆਉਣ? ਹੈ ਤਾਂ ਸਭ ਡਰਾਮਾ ਪਲੈਨ ਅਨੁਸਾਰ। ਬਾਪ ਦਾ ਵਫ਼ਾਦਰ, ਆਗਿਆਕਾਰੀ ਬਣਨਾ ਕੋਈ ਮਾਸੀ ਦਾ ਘਰ ਨਹੀਂ ਹੈ। ਬਾਪਦਾਦਾ ਦੋਵੇਂ ਇਕੱਠੇ ਹਨ ਨਾ। ਸਮਝ ਨਹੀਂ ਸਕਦੇ ਕਿ ਇਹ ਕੌਣ ਹਨ? ਤਾਂ ਸ਼ਿਵਬਾਬਾ ਕਹਿੰਦੇ ਹਨ ਮੇਰੀ ਆਗਿਆ ਨੂੰ ਸਮਝ ਨਹੀਂ ਸਕਦੇ ਹਨ। ਉਲਟਾ ਕਹਿਣ ਜਾਂ ਸੁਲਟਾ, ਤੁਸੀਂ ਸਮਝੋ ਸ਼ਿਵਬਾਬਾ ਕਹਿੰਦੇ ਹਨ ਤਾਂ ਰਿਸਪਾਂਸੀਬਲ ਉਹ ਹੋ ਜਾਏਗਾ। ਇਨ੍ਹਾਂ ਦੇ ਕਹਿਣ ਨਾਲ ਕੁੱਝ ਨੁਕਸਾਨ ਹੋਇਆ ਤਾਂ ਵੀ ਰਿਸਪਾਂਸੀਬਲ ਉਹ ਹੋਣ ਨਾਲ, ਉਹ ਸਭ ਠੀਕ ਕਰ ਦੇਵੇਗਾ। ਸ਼ਿਵਬਾਬਾ ਦਾ ਹੀ ਸਮਝਦੇ ਰਹੋ ਤਾਂ ਤੁਹਾਡੀ ਉੱਨਤੀ ਬਹੁਤ ਹੋਏਗੀ। ਪਰ ਮੁਸ਼ਿਕਲ ਹੀ ਸਮਝਦੇ ਹਨ। ਕੋਈ ਫਿਰ, ਆਪਣੀ ਮੱਤ ਤੇ ਚੱਲਦੇ ਰਹਿੰਦੇ ਹਨ। ਬਾਪ ਕਿੰਨਾ ਦੂਰ ਤੋਂ ਆਉਂਦੇ ਹਨ ਤੁਹਾਨੂੰ ਬੱਚਿਆਂ ਨੂੰ ਡਾਇਰੈਕਸ਼ਨ ਦੇਣ, ਸਮਝਾਉਣ। ਹੋਰ ਕਿਸੇ ਦੇ ਕੋਲ ਤਾਂ ਇਹ ਸਪਰਿਚਉਲ ਨਾਲੇਜ਼ ਹੈ ਨਹੀਂ। ਸਾਰਾ ਦਿਨ ਇਹ ਚਿੰਤਨ ਚਲਣਾ ਚਾਹੀਦਾ ਹੈ - ਕੀ

ਲਿਖੀਏ ਜੋ ਮਨੁੱਖ ਸਮਝਣ। ਅਜਿਹੇ ਸਿੱਧੇ ਅੱਖਰ ਲਿਖਣੇ ਚਾਹੀਦੇ ਹਨ ਜੋ ਮਨੁੱਖਾਂ ਦੀ ਨਜ਼ਰ ਪਵੇ। ਤੁਸੀਂ ਇਸ ਤਰ੍ਹਾਂ ਸਮਝਾਵੋ ਜੋ ਕੋਈ ਪ੍ਰਸ਼ਨ ਪੁੱਛਣ ਦੀ ਲੋੜ ਹੀ ਨਾ ਪਵੇ। ਬੋਲੋ, ਬਾਪ ਕਹਿੰਦੇ ਹਨ ਆਪਣੇ ਨੂੰ ਆਤਮਾ ਸਮਝ ਮੈਨੂੰ ਯਾਦ ਕਰੋ ਤਾ ਤੁਹਾਡੇ ਦੁੱਖ ਦੂਰ ਹੋ ਜਾਣਗੇ। ਜੋ ਚੰਗੀ ਤਰ੍ਹਾਂ ਯਾਦ ਵਿੱਚ ਰਹਿਣਗੇ ਉਹ ਹੀ ਉੱਚੀ ਪਦਵੀ ਪਾਉਣਗੇ। ਇਹ ਤਾਂ ਸੈਕਿੰਡ ਦੀ ਗੱਲ ਹੈ। ਮਨੁੱਖ ਕੀ - ਕੀ ਪੁੱਛਦੇ ਰਹਿੰਦੇ ਹਨ - ਤੁਸੀਂ ਕੁਝ ਵੀ ਨਹੀਂ ਦੱਸੋ। ਬੋਲੋ, ਜ਼ਿਆਦਾ ਪੁੱਛੋ ਨਾ। ਪਹਿਲੋਂ ਇੱਕ ਗੱਲ ਨਿਸ਼ਚੇ ਕਰੋ, ਪ੍ਰਸ਼ਨਾਂ ਦੇ ਜ਼ਿਆਦਾ ਜੰਗਲ ਵਿੱਚ ਪੈ ਜਾਵੋਗੇ ਤਾਂ ਫਿਰ ਨਿਕਲਣ ਦਾ ਰਾਹ ਮਿਲੇਗਾ ਨਹੀਂ। ਇਵੇਂ ਫਾਗੀ ਵਿੱਚ ਮਨੁੱਖ ਮੁੰਝ ਜਾਂਦੇ ਹਨ ਤਾਂ ਫਿਰ ਨਿਕਲ ਨਹੀਂ ਸਕਦੇ ਹਨ, ਇਹ ਵੀ ਇਵੇਂ ਹੈ ਮਨੁੱਖ ਕਿਥੋਂ ਤੋਂ ਕਿੱਥੇ ਮਾਇਆ ਵੱਲ ਨਿਕਲ ਜਾਂਦੇ ਹਨ ਇਸਲਈ ਪਹਿਲੇ ਸਭਨੂੰ ਇੱਕ ਹੀ ਗੱਲ ਦੱਸੋ - ਤੁਸੀਂ ਤਾਂ ਆਤਮਾ ਹੋ ਅਵਿਨਾਸ਼ੀ। ਬਾਪ ਵੀ ਅਵਿਨਾਸ਼ੀ ਹੈ, ਪਤਿਤ - ਪਾਵਨ ਹੈ। ਤੁਸੀਂ ਹੋ ਪਤਿਤ। ਹੁਣ ਜਾਂ ਤੇ ਘਰ ਜਾਣਾ ਹੈ ਜਾਂ ਨਵੀਂ ਦੁਨੀਆਂ ਵਿੱਚ। ਪੁਰਾਣੀ ਦੁਨੀਆਂ ਵਿੱਚ ਪਿਛਾੜੀ ਤੱਕ ਆਉਂਦੇ ਰਹਿੰਦੇ ਹਨ। ਜੋ ਪੂਰਾ ਪੜ੍ਹਨਗੇ ਨਹੀਂ ਉਹ ਤਾਂ ਜਰੂਰ ਪਿੱਛੋਂ ਆਉਣਗੇ। ਕਿੰਨਾਂ ਹਿਸਾਬ ਹੈ ਅਤੇ ਫਿਰ ਪੜ੍ਹਾਈ ਤੋਂ ਵੀ ਸਮਝਿਆ ਜਾਂਦਾ ਹੈ ਪਹਿਲੇ ਕੌਣ ਜਾਵੇਗਾ? ਸਕੂਲ ਵਿੱਚ ਵੀ ਨਿਸ਼ਾਨੀ ਵਿਖਾਉਂਦੇ ਹਨ ਨਾ। ਦੌੜੀ ਪਹਿਨ ਹੱਥ ਲਗਾਕੇ ਆਵੇ। ਪਹਿਲੇ ਨੰਬਰ ਵਾਲੇ ਨੂੰ ਇਨਾਮ ਮਿਲਦਾ ਹੈ। ਇਹ ਹੈ ਬੇਹੱਦ ਦੀ ਗੱਲ। ਬੇਹੱਦ ਦਾ ਇਨਾਮ ਮਿਲਦਾ ਹੈ ਨਾ। ਬਾਪ ਕਹਿੰਦੇ ਹਨ ਯਾਦ ਦੀ ਯਾਤ੍ਰਾ ਤੇ ਰਹੋ। ਦੈਵੀਗੁਣ ਧਾਰਨ ਕਰਨੇ ਹਨ। ਸ੍ਵਗੁਣ ਸੰਪੰਨ ਇੱਥੇ ਬਣਨਾ ਹੈ ਇਸਲਈ ਬਾਬਾ ਕਹਿੰਦੇ ਹਨ ਚਾਰਟ ਰੱਖੋ। ਯਾਦ ਦੀ ਯਾਤਰਾ ਦਾ ਵੀ ਚਾਰਟ ਰੱਖੋ ਤਾਂ ਪਤਾ ਪਵੇਗਾ ਕਿ ਅਸੀਂ ਫਾਇਦੇ ਵਿੱਚ ਹਾਂ ਜਾਂ ਘਾਟੇ ਵਿੱਚ? ਪਰ ਬੱਚੇ ਰੱਖਦੇ ਨਹੀਂ ਹਨ। ਬਾਬਾ ਕਹਿੰਦੇ ਹਨ ਪਰ ਬੱਚੇ ਕਰਦੇ ਨਹੀਂ। ਬਹੁਤ ਘੱਟ ਕਰਦੇ ਹਨ ਇਸਲਈ ਮਾਲਾ ਵੀ ਘੱਟ ਦੀ ਹੀ ਹੈ। 8 ਵੱਡੀ ਸਕਾਲਰਸ਼ਿਪ ਲੈਣਗੇ ਫਿਰ 8 ਪਲੱਸ ਵਿੱਚ ਰਹਿੰਦੇ ਹਨ ਨਾ। ਪਲੱਸ ਵਿੱਚ ਕੌਣ ਜਾਣਗੇ? ਬਾਦਸ਼ਾਹ ਅਤੇ ਰਾਣੀ। ਬਹੁਤ ਥੋੜ੍ਹਾ ਜਿਹਾ ਫਰਕ ਰਹਿ ਜਾਂਦਾ ਹੈ।

ਤਾਂ ਬਾਪ ਕਹਿੰਦੇ ਹਨ ਪਹਿਲੇ ਆਪਣੇ ਨੂੰ ਆਤਮਾ ਸਮਝੋ ਅਤੇ ਬਾਪ ਨੂੰ ਯਾਦ ਕਰੋ - ਇਹ ਹੀ ਯਾਦ ਦੀ ਯਾਤ੍ਰਾ ਹੈ। ਬਸ ਇਹ ਹੈ ਬਾਪ ਦਾ ਮੈਸੇਜ ਦੇਣਾ ਹੈ। ਤਿਕ - ਤਿਕ ਕਰਨ ਦੀ ਲੋੜ ਨਹੀਂ, ਮਨਮਨਾਭਵ। ਦੇਹ ਦੇ ਸਭ ਸੰਬੰਧ ਛੱਡ, ਪੁਰਾਣੀ ਦੁਨੀਆਂ ਵਿੱਚ ਸਭ ਦਾ ਬੁੱਧੀ ਤੋਂ ਤਿਆਗ ਕਰਨਾ ਹੈ ਕਿਉਂਕਿ ਹੁਣ ਵਾਪਿਸ ਜਾਣਾ ਹੈ, ਅਸ਼ਰੀਰੀ ਬਣਨਾ ਹੈ। ਇੱਥੇ ਬਾਬਾ ਯਾਦ ਦਵਾਉਂਦੇ ਹਨ ਫਿਰ ਸਾਰੇ ਦਿਨ ਵਿੱਚ ਕੁਝ ਵੀ ਯਾਦ ਵੀ ਨਹੀਂ ਕਰਦੇ, ਸ਼੍ਰੀਮਤ ਤੇ ਨਹੀਂ ਚਲੱਦੇ ਹਨ। ਬੁੱਧੀ ਵਿੱਚ ਬੈਠਦਾ ਨਹੀਂ ਹੈ। ਬਾਪ ਕਹਿੰਦੇ ਹਨ ਨਵੀਂ ਦੁਨੀਆਂ ਵਿੱਚ ਜਾਣਾ ਹੈ ਤਾਂ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣਨਾ ਹੈ। ਬਾਬਾ ਨੇ ਸਾਨੂੰ ਰਾਜ - ਭਾਗ ਦਿੱਤਾ, ਅਸੀਂ ਫਿਰ ਇਵੇਂ ਗਵਾਇਆ, 84 ਜਨਮ ਲਏ। ਲੱਖਾਂ ਵਰ੍ਹਿਆਂ ਦੀ ਗੱਲ ਨਹੀਂ, ਬਹੁਤ ਬੱਚੇ ਅਲਫ਼ ਨੂੰ ਨਾ ਜਾਨਣ ਦੇ ਕਾਰਨ ਫਿਰ ਬਹੁਤ ਪ੍ਰਸ਼ਨ ਪੁੱਛਦੇ ਰਹਿੰਦੇ ਹਨ। ਬਾਪ ਕਹਿੰਦੇ ਹਨ ਪਹਿਲੇ ਮਾਮੇਕਮ ਯਾਦ ਕਰੋ ਤਾਂ ਪਾਪ ਕੱਟ ਜਾਣ ਅਤੇ ਦੈਵੀਗੁਣ ਧਾਰਨ ਕਰੋ ਤਾਂ ਦੇਵਤਾ ਬਣ ਜਾਵੋਗੇ ਹੋਰ ਕੁਝ ਪੁੱਛਣ ਦੀ ਲੋੜ ਨਹੀਂ। ਅਲਫ਼ ਨਾ ਸਮਝ ਬੇ ਤੇ ਕੀਤੀ ਤਿਕ-ਤਿਕ ਕਰਨ ਨਾਲ ਖ਼ੁਦ ਵੀ ਮੁੰਝ ਜਾਂਦੇ ਹਨ ਫਿਰ ਤੰਗ ਹੋ ਪੈਂਦੇ ਹਨ। ਬਾਪ ਕਹਿੰਦੇ ਹਨ ਪਹਿਲੇ ਅਲਫ਼ ਨੂੰ ਜਾਨਣ ਨਾਲ ਸਭ ਕੁਝ ਜਾਣ ਜਾਵੋਗੇ। ਮੇਰੇ ਦਵਾਰਾ ਮੈਨੂੰ ਜਾਨਣ ਨਾਲ ਤੁਸੀਂ ਸਭ ਕੁਝ ਜਾਣ ਜਾਵੋਗੇ। ਬਾਕੀ ਜਾਨਣ ਦਾ ਕੁਝ ਰਹੇਗਾ ਨਹੀਂ। ਇਸਲਈ 7 ਰੋਜ਼ ਰੱਖੇ ਜਾਂਦੇ ਹਨ। 7 ਰੋਜ਼ ਵਿੱਚ ਬਹੁਤ ਕੁਝ ਸਮਝ ਸਕਦੇ ਹਨ। ਪ੍ਰੰਤੂ ਨੰਬਰਵਾਰ ਸਮਝਣ ਵਾਲੇ ਹੁੰਦੇ ਹਨ। ਕਈ ਤਾਂ ਕੁਝ ਵੀ ਸਮਝਦੇ ਨਹੀਂ। ਉਹ ਕੀ ਰਾਜਾ - ਰਾਣੀ ਬਣਨਗੇ। ਇੱਕ ਦੇ ਉੱਤੇ ਰਾਜਾਈ ਕਰਨਗੇ ਕੀ? ਹਰ ਇੱਕ ਨੂੰ ਆਪਣੀ ਪ੍ਰਜਾ ਬਣਾਉਣੀ ਹੈ। ਟਾਈਮ ਬਹੁਤ ਵੇਸਟ ਕਰਦੇ ਹਨ। ਬਾਪ ਤੇ ਕਹਿੰਦੇ ਹਨ ਵਿਚਾਰੇ ਹਨ। ਭਾਵੇਂ ਕਿੰਨੇਂ - ਕਿੰਨੇਂ ਵੀ ਵੱਡੇ - ਵੱਡੇ ਮਰਤਬੇ ਵਾਲੇ ਹਨ, ਪਰ ਬਾਪ ਜਾਣਦੇ ਹਨ ਇਹ ਸਭ ਕੁਝ ਮਿੱਟੀ ਵਿੱਚ ਮਿਲ ਜਾਣਾ ਹੈ। ਬਾਕੀ ਥੋੜ੍ਹਾ ਸਮਾਂ ਹੈ। ਵਿਨਾਸ਼ ਕਾਲੇ ਵਪ੍ਰੀਤ ਬੁੱਧੀ ਵਾਲਿਆਂ ਦਾ ਤੇ ਵਿਨਾਸ਼ ਹੋਣਾ ਹੈ। ਸਾਡੀ ਆਤਮਾਵਾਂ ਦੀ ਪ੍ਰੀਤ ਬੁੱਧੀ ਕਿੰਨੀ ਹੈ, ਉਹ ਤਾਂ ਸਮਝ ਸਕਦੇ ਹਨ। ਕਈ ਕਹਿੰਦੇ ਹਨ ਇੱਕ - ਦੋ ਘੰਟੇ ਯਾਦ ਰਹਿੰਦੀ ਹੈ! ਕੀ ਲੋਕਿਕ ਬਾਪ ਨਾਲ ਤੁਸੀਂ ਇੱਕ - ਦੋ ਘੰਟੇ ਪ੍ਰੀਤ ਰੱਖਦੇ ਹੋ? ਸਾਰਾ ਦਿਨ ਤੁਸੀਂ ਬਾਬਾ - ਬਾਬਾ ਕਰਦੇ ਰਹਿੰਦੇ ਹੋ। ਇੱਥੇ ਭਾਵੇਂ ਬਾਬਾ - ਬਾਬਾ ਕਹਿੰਦੇ ਹਨ ਪਰ ਹੱਡੀ ਪ੍ਰੀਤ ਥੋੜ੍ਹੀ ਨਾ ਹੈ। ਬਾਰ-ਬਾਰ ਕਹਿੰਦੇ ਹਨ ਸ਼ਿਵਬਾਬਾ ਨੂੰ ਯਾਦ ਕਰਦੇ ਰਹੋ। ਸੱਚ - ਸੱਚ ਯਾਦ ਕਰਨਾ ਹੈ। ਚਲਾਕੀ ਚੱਲ ਨਾ ਸਕੇ। ਬਹੁਤ ਹਨ ਜੋ ਕਹਿੰਦੇ ਹਨ ਅਸੀਂ ਤੇ ਸ਼ਿਵਬਾਬਾ ਨੂੰ ਬਹੁਤ ਯਾਦ ਕਰਦੇ ਹਾਂ ਫਿਰ ਉਹ ਤਾਂ ਉੱਡਣ ਲੱਗ ਪੈਣ। ਬਾਬਾ ਬਸ ਅਸੀਂ ਤੇ ਜਾਂਦੇ ਹਾਂ ਸਰਵਿਸ ਤੇ ਬਹੁਤਿਆਂ ਦਾ ਕਲਿਆਣ ਕਰਨ। ਜਿਨ੍ਹਾਂ ਬਹੁਤਿਆਂ ਨੂੰ ਪੈਗਾਮ ਦੇਵੋਗੇ ਉਤਨਾ ਯਾਦ ਵਿੱਚ ਰਹੋਗੇ। ਬਹੁਤ ਬੱਚੀਆਂ ਕਹਿੰਦੀਆਂ ਹਨ ਬੰਧੰਨ ਹੈ। ਅਰੇ, ਬੰਧੰਨ ਤੇ ਸਾਰੀ ਦੁਨੀਆਂ ਨੂੰ ਹੈ, ਬੰਧੰਨ ਨੂੰ ਤਰਕੀਬ ਨਾਲ ਕੱਟਣਾ ਹੈ। ਤਰਕੀਬਾਂ ਬਹੁਤ ਹਨ, ਸਮਝੋ ਕਲ ਮਰ ਪੈਂਦੇ ਹਾਂ ਫਿਰ ਬੱਚੇ ਕੌਣ ਸੰਭਾਲੇਗਾ? ਜ਼ਰੂਰ ਕੋਈ ਨਾ ਕੋਈ ਸੰਭਾਲਣ ਵਾਲੇ ਨਿਕਲ ਪੈਣਗੇ। ਅਗਿਆਨ ਕਾਲ ਵਿੱਚ ਤਾਂ ਦੂਸਰੀ ਸ਼ਾਦੀ ਕਰ ਲੈਂਦੇ ਹਨ। ਇਸ ਵਕਤ ਤੇ ਸ਼ਾਦੀ ਵੀ ਮੁਸੀਬਤ ਹੈ। ਕਿਸੇ ਨੂੰ ਥੋੜ੍ਹਾ ਪੈਸਾ ਦੇਕੇ ਬੋਲੋ ਬੱਚਿਆਂ ਨੂੰ ਸੰਭਾਲੋ। ਤੁਹਾਡਾ ਇਹ ਮਰਜੀਵਾ ਜਨਮ ਹੈ ਨਾ। ਜਿਉਂਦੇ ਜੀ ਮਰ ਗਏ ਫਿਰ ਪਿੱਛੋਂ ਕੌਣ ਸੰਭਾਲੇਗਾ? ਤਾਂ ਜ਼ਰੂਰ ਨਰਸ ਰੱਖਣੀ ਪਵੇ। ਪੈਸੇ ਨਾਲ ਕੀ ਨਹੀਂ ਹੋ ਸਕਦਾ ਹੈ। ਬੰਧਨਮੁਕਤ ਜਰੂਰ ਬਣਨਾ ਹੈ। ਸਰਵਿਸ ਦੇ ਸ਼ੌਕ ਵਾਲੇ ਆਪੇ ਹੀ ਭੱਜਣਗੇ। ਦੁਨੀਆਂ ਤੋਂ ਮਰ ਗਏ ਨਾ। ਇੱਥੇ ਤਾਂ ਬਾਪ ਕਹਿੰਦੇ ਹਨ ਮਿੱਤਰ ਸੰਬੰਧੀਆਂ ਆਦਿ ਦਾ ਵੀ ਉਧਾਰ ਕਰੋ। ਸਭਨੂੰ ਪੈਗਾਮ ਦੇਣਾ ਹੈ- ਮਨਮਨਾਭਵ ਦਾ, ਤਾਂ ਤਮੋਪ੍ਰਧਾਨ ਤੋਂ ਸਤੋਪ੍ਰਧਾਨ ਬਣ ਜਾਣ। ਇਹ ਬਾਪ ਹੀ ਕਹਿੰਦੇ ਹਨ ਹੋਰ ਤਾਂ ਉੱਪਰ ਤੋਂ ਆਉਂਦੇ ਹਨ। ਉਨ੍ਹਾਂ ਦੀ ਪ੍ਰਜਾ ਵੀ ਉਨ੍ਹਾਂ ਦੇ ਪਿਛਾੜੀ ਆਉਂਦੀ ਰਹੇਗੀ। ਜਿਵੇਂ ਕ੍ਰਾਇਸਟ ਸਭਨੂੰ ਹੇਠਾਂ ਲੈ ਆਉਂਦੇ ਹਨ। ਹੇਠਾਂ ਪਾਰ੍ਹ ਵਜਾਉਂਦੇ - ਵਜਾਉਂਦੇ ਜਦੋਂ ਅਸ਼ਾਂਤ ਹੁੰਦੇ ਹਨ ਤਾਂ ਕਹਿੰਦੇ ਹਨ ਸਾਨੂੰ ਸ਼ਾਂਤੀ ਚਾਹੀਦੀ ਹੈ। ਬੈਠੇ ਤਾਂ ਸੀ ਸ਼ਾਂਤੀ ਵਿੱਚ। ਫਿਰ ਪ੍ਰੀਸੈਪਟਰ ਪਿਛਾੜੀ ਆਉਣਾ ਪੈਂਦਾ ਹੈ। ਫਿਰ ਕਹਿੰਦੇ ਹਨ ਪਤਿਤ - ਪਾਵਨ ਆਓ। ਕਿਵੇਂ ਖੇਲ੍ਹ ਬਣਿਆ ਹੋਇਆ ਹੈ। ਉਹ ਅੰਤ ਤੇ ਆਕੇ ਲਕਸ਼ ਲੈਣਗੇ। ਬੱਚਿਆਂ ਨੇ ਸ਼ਾਖਸ਼ਤਕਾਰ ਕੀਤਾ ਹੋਇਆ ਹੈ। ਮਨਮਨਾਭਵ ਦਾ ਲਕਸ਼ ਆਕੇ

ਲੈਣਗੇ। ਹੁਣ ਤੁਸੀਂ ਬੇਗਰ ਟੂ ਪ੍ਰਿੰਸ ਬਣਦੇ ਹੋ। ਇਸ ਸਮੇਂ ਦੇ ਜੋ ਸਾਹੂਕਾਰ ਹਨ, ਉਹ ਬੇਗਰ ਬਣਨਗੇ। ਵੰਡਰ ਹੈ। ਇਸ ਖੇਲ੍ਹ ਨੂੰ ਕੋਈ ਵੀ ਨਹੀਂ ਜਾਣਦੇ ਹਨ। ਸਾਰੀ ਰਾਜਧਾਨੀ ਸਥਾਪਨ ਹੋ ਰਹੀ ਹੈ। ਕਈ ਤਾਂ ਗਰੀਬ ਵੀ ਬਣਨਗੇ ਨਾ। ਇਹ ਬਹੁਤ ਦੂਰਅੰਦੇਸ਼ੀ ਬੁੱਧੀ ਨਾਲ ਸਮਝਣ ਵਾਲੀਆਂ ਗੱਲਾਂ ਹਨ। ਪਿਛਾੜੀ ਵਿੱਚ ਸਭ ਸ਼ਾਖਸ਼ਤਕਾਰ ਹੋਣਗੇ ਅਸੀਂ ਕਿਵੇਂ ਟ੍ਰਾਂਸਫਰ ਹੁੰਦੇ ਹਾਂ। ਤੁਸੀਂ ਪੜ੍ਹਦੇ ਹੋ ਨਵੀਂ ਦੁਨੀਆਂ ਦੇ ਲਈ। ਹੁਣ ਹੋ ਸੰਗਮ ਤੇ। ਪੜਕੇ ਪਾਸ ਕਰੋਗੇ ਤਾਂ ਦੈਵੀ ਕੁੱਲ ਵਿੱਚ ਜਾਵੋਗੇ। ਹਾਲੇ ਬ੍ਰਾਹਮਣ ਕੁੱਲ ਵਿੱਚ ਹੋ। ਇਹ ਗੱਲਾਂ ਕੋਈ ਸਮਝ ਨਾ ਸਕੇ। ਭਗਵਾਨ ਪੜ੍ਹਾਉਂਦੇ ਹਨ, ਜਰਾ ਵੀ ਕਿਸੇ ਦੀ ਬੁੱਧੀ ਵਿੱਚ ਨਹੀਂ ਬੈਠਦਾ। ਨਿਰਾਕਾਰ ਭਗਵਾਨ ਜਰੂਰ ਆਵੇਗਾ ਨਾ। ਇਹ ਡਰਾਮਾ ਬਹੁਤ ਵੰਡਰਫੁਲ ਬਣਿਆ ਹੋਇਆ ਹੈ, ਉਸਨੂੰ ਤੁਸੀਂ ਜਾਣਦੇ ਹੋ ਅਤੇ ਪਾਰ੍ਹ ਵਜਾ ਰਹੇ ਹੋ। ਤ੍ਰਿਮੂਰਤੀ ਦੇ ਚਿੱਤਰ ਤੇ ਵੀ ਸਮਝਾਉਣਾ ਪਵੇ - ਬ੍ਰਹਮਾ ਦਵਾਰਾ ਸਥਾਪਨਾ। ਵਿਨਾਸ਼ ਤੇ ਆਟੋਮੈਟਿਕਲੀ ਹੋਣਾ ਹੀ ਹੈ। ਸਿਰ੍ਫ ਨਾਮ ਰੱਖ ਦਿੱਤਾ ਹੈ। ਇਹ ਵੀ ਡਰਾਮਾ ਬਣਿਆ ਹੋਇਆ ਹੈ। ਮੁੱਖ ਗੱਲ ਹੈ ਆਪਣੇ ਨੂੰ ਆਤਮਾ ਸਮਝ ਬਾਪ ਨੂੰ ਯਾਦ ਕਰੋ ਤਾਂ ਜੰਕ ਉਤਰ ਜਾਵੇ। ਸਕੂਲ ਵਿੱਚ ਜਿੰਨੀ ਚੰਗੀ ਤਰ੍ਹਾਂ ਪੜ੍ਹੋਗੇ, ਬਹੁਤ ਆਮਦਨੀ ਹੋਵੇਗੀ। ਤੁਹਾਨੂੰ 21 ਜਨਮਾਂ ਲਈ ਹੈਲਥ - ਵੈਲਥ ਮਿਲਦੀ ਹੈ, ਘੱਟ ਗੱਲ ਹੈ ਕੀ। ਇੱਥੇ ਭਾਵੇਂ ਵੈਲਥ ਹੈ ਪਰੰਤੂ ਸਮਾਂ ਨਹੀਂ ਹੈ ਜੋ ਪੁੱਤਰ - ਪੋਤਰੇ ਖਾ ਸਕਣ। ਬਾਪ ਨੇ ਸਭ ਕੁਝ ਇਸ ਸੇਵਾ ਵਿੱਚ ਲਗਾ ਦਿੱਤਾ ਤਾਂ ਕਿੰਨਾਂ ਜਮਾਂ ਹੋ ਗਿਆ। ਸਭ ਦਾ ਥੋੜ੍ਹਾ ਹੀ ਜਮ੍ਹਾਂ ਹੁੰਦਾ ਹੈ। ਇਤਨੇ ਲੱਖਪਤੀ ਹਨ, ਪੈਸਾ ਕੰਮ ਆਵੇਗਾ ਨਹੀਂ। ਬਾਪ ਲੈਣਗੇ ਹੀ ਨਹੀਂ ਜੋ ਫਿਰ ਦੇਣਾ ਪਵੇ। ਅੱਛਾ!

ਮਿੱਠੇ- ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ ਪਿਤਾ ਬਾਪ ਦਾਦਾ ਦਾ ਯਾਦ ਪਿਆਰ ਅਤੇ ਗੁਡਮੋਰਨਿੰਗ । ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਬੰਧਨ ਕੱਟਣ ਦੀ ਯੁਕਤੀ ਰੱਚਣੀ ਹੈ, ਜਿਗਰੀ ਬਾਪ ਨਾਲ ਪ੍ਰੀਤ ਰੱਖਣੀ ਹੈ। ਬਾਪ ਦਾ ਸਭ ਨੂੰ ਪੈਗਾਮ ਦੇਣਾ ਹੈ, ਸਭਦਾ ਕਲਿਆਣ ਕਰਨਾ ਹੈ।

2. ਦੂਰਾਂਦੇਸ਼ੀ ਬੁੱਧੀ ਨਾਲ ਇਸ ਬੇਹੱਦ ਦੇ ਖੇਲ੍ਹ ਨੂੰ ਸਮਝਣਾ ਹੈ। ਬੇਗਰ ਟੂ ਪ੍ਰਿੰਸ ਬਣਨ ਦੀ ਪੜ੍ਹਾਈ ਤੇ ਪੂਰਾ ਧਿਆਨ ਦੇਣਾ ਹੈ। ਯਾਦ ਦਾ ਸੱਚਾ - ਸੱਚਾ ਚਾਰਟ ਰੱਖਣਾ ਹੈ।

ਵਰਦਾਨ:- ਸੰਕਲਪ ਰੂਪੀ ਬੀਜ ਨੂੰ ਕਲਿਆਣ ਦੀ ਸ਼ੁਭ ਭਾਵਨਾ ਨਾਲ ਭਰਪੂਰ ਰੱਖਣ ਵਾਲੇ ਵਿਸ਼ਵ ਕਲਿਆਣਕਾਰੀ ਭਵ।
ਜਿਵੇਂ ਸਾਰੇ ਬ੍ਰਿਖ ਦਾ ਸਾਰ ਬੀਜ ਵਿਚ ਹੁੰਦਾ ਹੈ ਇਵੇਂ ਸੰਕਲਪ ਰੂਪੀ ਬੀਜ ਹਰ ਆਤਮਾ ਦੇ ਪ੍ਰਤੀ, ਪ੍ਰਾਕ੍ਰਿਤੀ ਦੇ ਸ਼ੁਭ ਭਾਵਨਾ ਵਾਲਾ ਹੋਵੇ। ਸਭ ਨੂੰ ਬਾਪ ਸਮਾਨ ਬਣਾਉਣ ਦੀ ਭਾਵਨਾ, ਨਿਰਬਲ ਨੂੰ ਬਲਵਾਨ ਬਣਾਉਣ ਦੀ, ਦੁੱਖੀ ਅਸ਼ਾਂਤ ਆਤਮਾ ਨੂੰ ਸਦਾ ਸੁਖੀ ਸ਼ਾਂਤ ਬਣਾਉਣ ਦੀ ਭਾਵਨਾ ਦਾ ਰਸ ਅਤੇ ਸਾਰ ਹਰ ਸੰਕਲਪ ਵਿਚ ਭਰਿਆ ਹੋਇਆ ਹੋਵੇ, ਕੋਈ ਵੀ ਸੰਕਲਪ ਰੂਪੀ ਬੀਜ ਇਸ ਸਾਰ ਤੋਂ ਖਾਲੀ ਮਤਲਬ ਵਿਅਰਥ ਨਾ ਹੋਵੇ, ਕਲਿਆਣ ਦੀ ਭਾਵਨਾ ਨਾਲ ਸਮਰੱਥ ਹੋ ਤਾਂ ਕਹਾਂਗੇ ਬਾਪ ਸਮਾਨ ਵਿਸ਼ਵ ਕਲਿਆਣਕਾਰੀ ਆਤਮਾ।

ਸਲੋਗਨ:- ਮਾਇਆ ਦੇ ਝਮੇਲਿਆਂ ਤੋਂ ਘਬਰਾਉਣ ਦੀ ਬਜਾਏ ਪਰਮਾਤਮ ਮੇਲੇ ਦੀ ਮੌਜ ਮਨਾਉਂਦੇ ਰਹੋ।

******

ਅਵਿਅਕਤ ਇਸ਼ਾਰੇ :- ਹੁਣ ਸੰਪੰਨ ਅਤੇ ਕਰਮਾਤੀਤ ਬਣਨ ਦੀ ਧੁਨ ਲਗਾਓ।

ਕਰਮਤੀਤ ਬਣਨ ਦੇ ਲਈ ਅਸ਼ਰੀਰੀ ਬਣਨ ਦਾ ਅਭਿਆਸ ਵਧਾਓ। ਸ਼ਰੀਰ ਦਾ ਬੰਧਨ, ਕਰਮ ਦਾ ਬੰਧਨ, ਵਿਅਕਤੀਆਂ ਦਾ ਬੰਧਨ, ਵੈਭਵਾਂ ਦਾ ਬੰਧਨ, ਸੁਭਾਅ - ਸੰਸਕਾਰਾਂ ਦਾ ਬੰਧਨ… ਕੋਈ ਵੀ ਬੰਧਨ ਆਪਣੇ ਵੱਲ ਆਕਰਸ਼ਿਤ ਨਹੀਂ ਕਰੇ। ਇਹ ਬੰਧਨ ਹੀ ਆਤਮਾ ਨੂੰ ਟਾਇਟ ਕਰ ਦਿੰਦਾ ਹੈ, ਇਸ ਦੇ ਲਈ ਸਦਾ ਨਿਰਲਿਪਤ ਮਤਲਬ ਨਿਆਰੇ ਅਤੇ ਅਤਿ ਪਿਆਰੇ ਬਣਨ ਦਾ ਅਭਿਆਸ ਕਰੋ।